
# HISTORIOGRAPHY ON THE DECLINE OF THE MUGHAL EMPIRE


ਮੁਗਲ ਸਾਮਰਾਜ ਨੇ ਲਗਭਗ ਤਿੰਨ ਸਦੀਆਂ ਤੱਕ ਭਾਰਤ ਦੇ ਇੱਕ ਵੱਡੇ ਹਿੱਸੇ ਉੱਤੇ ਰਾਜ ਕੀਤਾ, ਪਰ ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿੱਚ, ਇਸਦੀ ਸ਼ਕਤੀ ਅਤੇ ਰੁਤਬੇ ਵਿੱਚ ਭਾਰੀ ਗਿਰਾਵਟ ਆਈ. ਜਿਸ ਕਾਰਨ ਮੁਗਲ ਸਾਮਰਾਜ ਦਾ ਪਤਨ ਹੋਣਾ ਸ਼ੁਰੂ ਹੋ ਜਾਂਦਾ ਹੈ. ਸਾਮਰਾਜ ਦੀਆਂ ਰਾਜਨੀਤਿਕ ਸੀਮਾਵਾਂ ਇੰਨੀਆਂ ਘੱਟ ਗਈਆਂ ਸਨ, ਜੋ ਕਿ ਕਦੇ ਅਕਬਰ ਅਤੇ ਸ਼ਹਿਨਸ਼ਾਹ (Great Mughal) ਦੇ ਸਮੇਂ ਵਿੱਚ ਵੇਖਣ ਨੂੰ ਮਿਲਦੀਆਂ ਸਨ. ਮੁਗਲਾਂ ਸੱਤਾ ਦੇ ਪਤਨ ਤੋਂ ਬਾਅਦ ਸਾਮਰਾਜ ਵਿੱਚ ਕਈ ਸੁਤੰਤਰ ਰਾਜਾਂ ਦਾ ਉਥਾਨ ਹੋਣਾ ਸ਼ੁਰੂ ਹੋ ਹੋਇਆ.




ਮੁਗਲ ਸਾਮਰਾਜ ਦੇ ਪਤਨ ਦੇ ਕਾਰਨਾਂ ਉਪਰ ਬਹੁਤ ਸਾਰੇ ਇਤਿਹਾਸਕਾਰਾਂ ਵਿੱਚ ਕਾਫੀ ਬਹਿਸ ਅਤੇ ਮੱਤਭੇਦ ਹਨ. ਇਹ ਇਕ ਅਜਿਹਾ ਵਿਸ਼ਾ ਵੀ ਰਿਹਾ ਹੈ, ਜਿਸ 'ਤੇ ਵਿਦਵਾਨਾਂ ਦੀ ਰਾਏ ਅਤੇ ਵਿਚਾਰ ਕਿਸੇ ਵੀ ਹੋਰ ਵਿਸ਼ੇ ਅਤੇ ਪਹਿਲੂ ਨਾਲੋਂ ਵਧੇਰੇ ਵੰਡੇ ਹੋਏ ਹਨ। ਜਿਹਨਾਂ ਵਿੱਚ ਪ੍ਰਮੁੱਖ ਕਾਰਨ ਹੇਠ ਲਿਖੇ ਹਨ।

# Causes of the Decline of the Mughal Empire

1. Weak Successors
2. Aurangzeb's Religious persecution of the Hindus
3. Demoralization of the Mughal Army
4. Economic Bankruptcy
5. Invasions
6. Size of the Empire and Challenge from Regional Powers
7. Aurangzeb's Deccan Policy
8. The Jagirdari Crisis



**Major Theories on Decline of Mughal Empire:** ਹਰੇਕ ਇਤਿਹਾਸਕਾਰ ਦੇ ਵੱਖੋ ਵੱਖਰੇ ਸਿਧਾਂਤ ਹਨ, ਜਿਸ ਵਿੱਚ ਮੁੱਖ ਸਿਧਾਂਤ ਇਸ ਪ੍ਰਕਾਰ ਹਨ:

1. **Satish Chandra, Jagirdari Crisis:**
   **(ਸਤੀਸ਼ ਚੰਦਰ ਦੇ ਅਨੁਸਾਰ ਮਨਸਬਦਾਰੀ ਅਤੇ ਜਗੀਰਦਾਰੀ ਸੰਕਟ)**

Satish Chandra ਪਹਿਲਾ ਇਤਿਹਾਸਕਾਰ ਸੀ, ਜਿਸਨੇ ਮੁਗ਼ਲ ਸਾਮਰਾਜ ਦੀ ਇਤਿਹਾਸ ਦੀ ਸਿਰਜਣਾ ਦਾ ਗੰਭੀਰ ਅਧਿਐਨ ਕੀਤਾ. ਉਸਨੇ ਸਭ ਤੋਂ ਪਹਿਲਾਂ ਅਤੇ ਮਹੱਤਵਪੂਰਣ ਸਿਧਾਂਤ ਆਪਣੀ ਕਿਤਾਬ "*Parties and Politics of the Mughal Court'' (1959)* ਵਿੱਚ ਪੇਸ਼ ਕੀਤਾ ਕਿ ਮੁਗਲਾਂ ਦੀ ਮਨਸਬਦਾਰੀ ਅਤੇ ਜਗੀਰਦਾਰੀ ਦੀ ਵਿਵਸਥਾ ਬਾਅਦ ਦੇ ਸਮੇਂ ਦੌਰਾਨ ਫੇਲ੍ਹ ਹੋ ਚੁੱਕੀ ਸੀ, ਜੋ ਕਿ ਮੁਗ਼ਲ ਸਾਮਰਾਜ ਨੂੰ ਪਤਨ ਵੱਲ ਲੈ ਗਈ. ਉਸ ਅਨੁਸਾਰ ਸਾਮਰਾਜ ਦੀ ਸਾਰੀ ਜਮੀਨ, ਜਗੀਰਦਾਰਾਂ ਤੇ ਸਰਦਾਰਾਂ ਵਿਚ ਵੰਡ ਦਿੱਤੀ ਗਈ ਸੀ. ਇਹ ਜਗੀਰਦਾਰ ਬਾਦਸ਼ਾਹ ਪ੍ਰਤੀ ਵਫਾਦਾਰ ਨਹੀਂ ਸਨ, ਅਗਲੇਰੇ ਬਾਦਸ਼ਾਹਾ ਦੀ ਕਮਜ਼ੋਰੀ ਦਾ ਫਾਇਦਾ ਉਠਾ ਕੇ ਇਨ੍ਹਾਂ ਨੇ ਆਪਣੇ ਆਪ ਨੂੰ ਸੁਤੰਤਰ ਕਰ ਲਿਆ. ਜਿਸ ਨਾਲ ਸਾਮਰਾਜ ਨੂੰ ਕਾਫੀ ਨੁਕਸਾਨ ਪਹੁੰਚਾਇਆ. ਜ਼ਿਮੀਦਾਰ ਪ੍ਰਥਾ ਵਿੱਚ ਕਈ ਤਰਾਂ ਦੇ ਨੁਕਸ ਪੈਦਾ ਹੋਣ ਕਾਰਨ, ਸਾਮਰਾਜ ਵਿੱਚ ਖੇਤੀਬਾੜੀ ਸੰਕਟ ਪੈਦਾ ਹੋਏ, ਇਸ ਨਾਲ ਅਰਥਵਿਵਸਥਾ ਨੂੰ ਭਾਰੀ ਨੁਕਸਾਨ ਪਹੁੰਚਿਆ.

Satish Chandra ਦੇ ਅਨੁਸਾਰ, ਇਹ ਸਭ, ਸਾਮਰਾਜ ਨੂੰ ਬੇਰੁਜ਼ਗਾਰੀ ਦੀ ਅਵਸਥਾ ਵੱਲ ਲੈ ਗਿਆ. ਔਰੰਗਜ਼ੇਬ ਦੇ ਰਾਜ ਦੇ ਅੰਤ ਵਿੱਚ ਮਨਸਬਦਾਰ, ਜਗੀਰਦਾਰ ਦੀ ਪ੍ਰਣਾਲੀ ਨੂੰ ਕਾਇਮ ਰੱਖਣ ਵਿੱਚ ਅਸਫਲ ਰਹਿੰਦੇ ਹਨ. ਜਿਸ ਕਰਕੇ ਮੁਗਲਾਂ ਦਾ ਪਤਨ ਸ਼ੁਰੂ ਹੋ ਜਾਂਦਾ ਹੈ ਅਤੇ ਸਾਮਰਾਜ ਢਹਿ ਢੇਰੀ ਹੋ ਜਾਂਦਾ ਹੈ.

2. **Jadunath Sarkar, Deteriorating Characters of the Emperors and their Nobles:**
   **(ਜਾਦੂ ਨਾਥ ਸਰਕਾਰ ਦੇ ਅਨੁਸਾਰ ਮੁਗ਼ਲ ਸਮਰਾਟਾਂ ਅਤੇ ਅਮੀਰਾ ਦੇ ਨੈਤਿਕ ਪੱਧਰ ਵਿੱਚ ਗਿਰਾਵਟ)**

Jadunath Sarkar, ਨੇ ਆਪਣੀ ਕਿਤਾਬ "*The Fall of Mughal Empire"(1938)* ਵਿੱਚ ਮੁਗ਼ਲ ਸਮਰਾਟ ਤੇ ਉਨ੍ਹਾਂ ਦੇ ਅਹਿਲਕਾਰਾਂ ਦੇ ਵਿਚ ਨੈਤਿਕ ਚਰਿੱਤਰ ਵਿਚ ਗਿਰਾਵਟ ਆਉਣ ਨੂੰ ਵੀ ਸਾਮਰਾਜ ਦੇ ਪਤਨ ਦਾ ਇੱਕ ਕਾਰਨ ਦੱਸਿਆ। ਇਸ ਸਿਧਾਂਤ ਨਾਲ William Irwin and V.A Smith ਵੀ ਸਹਿਮਤ ਹਨ. ਔਰੰਗਜ਼ੇਬ ਨੇ ਅਕਸਰ ਆਪਣੇ ਅਧਿਕਾਰੀਆਂ ਦੇ ਚਰਿੱਤਰ ਦੇ ਬਾਰੇ ਵਿਚ ਕਿਹਾ ਸੀ ਕਿ, ਉਹਨਾਂ ਨੇ ਅਮੀਰਾ ਦੇ ਨੈਤਿਕਤਾ ਦਾ ਪੱਧਰ ਡਿੱਗ ਚੁੱਕਾ ਸੀ. ਉਨ੍ਹਾਂ ਦੀ ਬੁੱਧੀ ਅਤੇ ਹੌਸਲੇ ਬਹੁਤ ਕਮਜ਼ੋਰ ਹੋ ਚੁੱਕੇ ਸਨ. ਉਹ ਹਮੇਸ਼ਾ ਧਰਮ ਦੇ ਸਹਾਰੇ ਨਾਲ ਅੱਗੇ ਵੱਧਦੇ ਸਨ ਅਤੇ ਚਾਪਲੂਸੀ ਕਰਨ ਵਾਲੇ ਸਮਾਜ ਨਾਲ ਜੁੜੇ ਹੁੰਦੇ ਸਨ. ਮੁਗਲ ਸਾਮਰਾਜ ਦਾ ਸਮਾਜ ਅੰਦਰੋ-ਅੰਦਰ ਹੀ ਸੜ ਰਿਹਾ ਸੀ ਅਤੇ ਉਸਦੀਆਂ ਸਾਰੀਆਂ ਸ਼ਾਖਾਵਾਂ ਬਦਨਾਮ ਹੋ ਚੁੱਕੀਆਂ ਸਨ. ਐਸ਼ਪ੍ਰਸਤੀ ਅਤੇ ਸ਼ਾਨੋ-ਸ਼ੌਕਤ ਵਾਲੀ ਜ਼ਿੰਦਗੀ

ਨੇ ਉਹਨਾਂ ਨੂੰ ਕਮਜ਼ੋਰ ਕਰ ਦਿੱਤਾ ਸੀ। ਜਿਸ ਕਾਰਨ ਉਹਨਾਂ ਨੇ ਪ੍ਰਸ਼ਾਸ਼ਨ ਵੱਲ ਧਿਆਨ ਨਾ ਦਿੱਤਾ ਅਤੇ ਸਾਮਰਾਜ ਪਤਨ ਵੱਲ ਵੱਧਦਾ ਗਿਆ.

3. **M. Athar Ali, Jagirdari Crisis:**
**(ਆਥਰ ਅਲੀ, ਜਗੀਰਦਾਰੀ ਸੰਕਟ)**

Athar Ali ਨੇ ਆਪਣੀ ਕਿਤਾਬ *“Mughal Nobility under Aurangzeb”(1966)* ਦੇ ਵਿੱਚ, ਮੁਗਲ ਸਾਮਰਾਜ ਦੇ ਉੱਚ ਵਰਗ ਦੇ ਲੋਕਾਂ ਦੀ ਗਿਣਤੀ ਕੀਤੀ. ਉਸ ਵਿੱਚ ਖਾਨਜ਼ਾਦਾਂ, ਅਮੀਰਾ ਦੀ ਗਿਣਤੀ ਘੱਟ ਸੀ ਅਤੇ ਰਾਜਪੂਤਾਂ ਅਤੇ ਮਰਾਠਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਸੀ. Deccan ਅਤੇ ਮਰਾਠਾ ਖੇਤਰ ਵਿੱਚ ਸਾਮਰਾਜ ਦੇ ਵਿਸਥਾਰ ਦੇ ਕਾਰਨ, ਜਾਗੀਰ ਪ੍ਰਣਾਲੀ ਦੇ ਕੰਮਕਾਜ ਵਿੱਚ ਸੰਕਟ ਪੈਦਾ ਹੋ ਰਹੇ ਸਨ. Athar Ali ਦੇ ਅਨੁਸਾਰ, ਅਮੀਰ ਵਰਗ ਨੇ ਬਿਹਤਰ ਜਗੀਰਾਂ ਲਈ ਮੁਕਾਬਲਾ ਕੀਤਾ, ਜੋ ਕਿ ਦੱਖਣ ਦੇ ਰਾਜਿਆਂ ਨੂੰ ਪਸੰਦ ਨਹੀਂ ਸੀ. ਇਸ ਖਿੱਚੋਤਾਣੀ ਵਿੱਚ ਰਾਜਨੀਤਿਕ ਸਥਿਤੀ ਢਹਿਢੇਰੀ ਹੋਣ ਲੱਗੀ.

ਇਸਤੋਂ ਇਲਾਵਾ Arthar Ali ਅਨੁਸਾਰ, ਪੱਛਮੀ ਗਿਆਨ ਅਤੇ ਸਿੱਖਿਆਂ ਦੇ ਕਾਰਨ ਵੀ ਮੁਗਲਾਂ ਦਾ ਪਤਨ ਹੋਇਆ. ਇਸ ਵਿੱਚ ਅੰਗਰੇਜਾਂ ਦਾ ਭਾਰਤ ਆਉਣਾ ਵੀ ਇੱਕ ਕਾਰਨ ਮੰਨਿਆ ਜਾ ਸਕਦਾ ਹੈ, ਕਿਉਂਕਿ ਉਨ੍ਹਾਂ ਦੀਆਂ ਕੰਪਨੀਆਂ ਦੇ ਆਉਣ ਨਾਲ ਭਾਰਤ ਦੇ ਉਪਰ ਅੰਗਰੇਜ਼ੀ ਰਾਜ ਹੋਣਾ ਸ਼ੁਰੂ ਹੋ ਜਾਂਦਾ ਹੈ.

**4. Irfan Habib, Agrarian Crisis:**

(ਇਰਫਾਨ ਹਬੀਬ ਨੇ ਖੇਤੀਬਾੜੀ ਸੰਕਟ ਨੂੰ ਮੁਗਲ ਸਾਮਰਾਜ ਦੇ ਪਤਨ ਦਾ ਮੁੱਖ ਕਾਰਨ ਦੱਸਿਆ)

Irfan Habib ਨੇ ਆਪਣੀ ਕਿਤਾਬ *"Agrarian System of Mughal Empire" (1963)* ਵਿੱਚ 'ਖੇਤੀ ਸੰਕਟ' ਦਾ ਸਿਧਾਂਤ ਪੇਸ਼ ਕੀਤਾ. ਜਿਸ ਵਿੱਚ ਮੁਗਲ ਰਾਜ ਦਾ ਪਤਨ, ਕਿਸਾਨਾ ਉਪਰ ਸ਼ੋਸ਼ਣ ਕਰਕੇ ਹੋਇਆ ਹੈ. ਕਿਸਾਨ ਵਿਦਰੋਹ ਸਮਾਜਿਕ ਵਿਰੋਧਤਾਈਆਂ ਨੂੰ ਸਪੱਸ਼ਟ ਰੂਪ ਵਿੱਚ ਉਜਾਗਰ ਕਰਦਾ ਹੈ, ਕਿ ਕਿਵੇਂ ਸਮਾਜ ਵਿੱਚ ਦੋ ਵੱਖ-ਵੱਖ ਧੜੇ ਬਣ ਚੁੱਕੇ ਸਨ. ਇੱਕ ਪਾਸੇ ਪਿੰਡ ਦੇ ਮੁਖੀਆਂ, ਕਿਸਾਨ ਅਤੇ ਮਜ਼ਦੂਰਾਂ ਦਾ ਧੜਾ ਅਤੇ ਦੂਜੇ ਪਾਸੇ ਅਮੀਰ ਲੋਕਾਂ, ਜ਼ਿਮੀਦਾਰ ਅਤੇ ਵਿਚੋਲਿਆਂ ਦਾ ਧੜਾ. Irfan Habib ਅਨੁਸਾਰ 'ਖੇਤੀ ਸੰਕਟ' ਦੀਆਂ ਵਿਸ਼ੇਸ਼ਤਾਈਆ ਸਨ: (1) ਜ਼ਬਤ ਪ੍ਰਣਾਲੀ ਵਿੱਚ ਮੰਗ ਦੀ ਉੱਚ ਦਰ (ਅਸਲ ਉਪਜ ਦੇ ਅੱਧੇ ਤੋਂ ਵੱਧ) (2) ਅਸਲ ਹਾਸਿਲ ਅਤੇ ਅਨੁਮਾਨਤ ਜਮਾ ਦੇ ਵਿੱਚ ਵਧਦਾ ਪਾੜਾ (3) ਜਗੀਰਾਂ ਨੂੰ ਵੰਡਣਾ, ਕਿਸਾਨਾਂ 'ਤੇ ਦਬਾਅ ਪਾਉਣਾ ਅਤੇ ਖੇਤੀ ਨੂੰ ਬਰਬਾਦ ਕਰਨਾ.

ਉਸ ਅਨੁਸਾਰ ਸਾਮਰਾਜ ਦੇ ਵੱਖ ਵੱਖ ਹਿੱਸਿਆਂ ਵਿੱਚ ਹੋ ਰਹੇ ਕਿਸਾਨਾਂ ਦੇ ਵਿਦਰੋਹਾ ਨੇ ਰਾਜਨੀਤਿਕ ਅਤੇ ਸਮਾਜਿਕ ਤਾਣੇ-ਬਾਣੇ ਨੂੰ ਕਮਜ਼ੋਰ ਕਰ ਦਿੱਤਾ ਸੀ. ਦਿਨੋ-ਦਿਨ ਵਿਦਰੋਹਾ ਨੇ ਸੈਨਿਕ ਸ਼ਕਤੀ ਨੂੰ ਕਮਜ਼ੋਰ ਕਰ ਦਿੱਤਾ ਸੀ. ਵਰਖਾ ਨਾ ਹੋਣ ਦੀ ਸੂਰਤ ਵਿੱਚ ਕਿਸਾਨਾਂ ਲਈ ਟੈਕਸ ਦੇਣਾ ਅਸੰਭਵ ਸੀ, ਪਰ ਸ਼ਾਸ਼ਕਾ ਵਲੋਂ tax ਮਾਫ਼ ਨਾ ਕੀਤਾ ਗਿਆ, ਅਤੇ ਨਾ ਹੀ ਮੁਗ਼ਲਾਂ ਵੱਲੋਂ ਇਸ ਵਿੱਚ ਕੋਈ ਛੋਟ ਦਿੱਤੀ ਗਈ, ਜਿਸ ਨਾਲ ਕਿਸਾਨਾਂ ਦੀ ਵਿਰੋਧਤਾ ਕਰਨੀ ਵਾਜਿਬ ਸੀ। ਇਸ ਕਾਰਨ ਸੁਨਾਮੀ ਅਤੇ

ਸਿੱਖ ਵਿਦਰੋਹ ਪੈਦਾ ਹੋਏ ਇਹਨਾਂ ਨੇ ਮੁਗਲ ਸਾਮਰਾਜ ਵਿਰੁੱਧ ਹਥਿਆਰ ਚੱਕ ਲਏ, ਆਗਰਾ ਦੇ ਜਾਟਾਂ ਦਾ ਵਿਰੋਧ, ਬਿਹਾਰ ਵਿਚ ਵਿਦਰੋਹ ਆਦਿ. ਇਸਤੋਂ ਇਲਾਵਾ, ਸਿੱਖਾਂ ਦਾ ਮੁਗ਼ਲਾਂ ਨਾਲ ਵਿਦਰੋਹ ਕਰਨਾ ਵੀ ਮੁਗਲਾਂ ਲਈ ਪਤਨ ਦਾ ਕਾਰਨ ਬਣਿਆ. ਪੰਜਵੇਂ ਗੁਰੂ ਤੋਂ ਲੈ ਕੇ ਦਸਵੇਂ ਗੁਰੂ ਤੱਕ ਸਮੇਂ ਦੌਰਾਨ ਸਿੱਖਾਂ ਦੇ ਮੁਗਲਾਂ ਨਾਲ ਸੰਬੰਧ ਚੰਗੇ ਨਹੀਂ ਸਨ, ਜ਼ਿਆਦਾਤਰ ਸਿੱਖ ਖੇਤੀਬਾੜੀ ਨਾਲ ਸਬੰਧਤ ਸਨ. ਇਸ ਲਈ ਸਾਮਰਾਜ ਵਿੱਚ ਖੇਤੀਬਾੜੀ ਸੰਕਟ ਪੈਦਾ ਹੋ ਗਿਆ ਜਿਸ ਨੇ ਸਾਮਰਾਜ ਦੀ ਤਾਕਤ ਨੂੰ ਘਟਾ ਦਿੱਤਾ. ਇਸ ਲਈ ਹਬੀਬ ਦੇ ਅਨੁਸਾਰ ਇਹਨਾਂ ਕਿਸਾਨ ਵਿਰੋਧਾਂ ਨੇ ਸਾਮਰਾਜ ਦੇ ਰਾਜਨੀਤਿਕ ਅਤੇ ਸਮਾਜਿਕ ਢਾਂਚੇ ਨੂੰ ਕਮਜ਼ੋਰ ਕਰ ਦਿੱਤਾ.

## 5. Pearson ਦੇ ਅਨੁਸਾਰ ਸੈਨਿਕ ਸ਼ਕਤੀ ਵਿੱਚ ਕਮੀ ਮੁਗਲਾਂ ਦਾ ਪਤਨ ਦਾ ਕਾਰਨ ਬਣਿਆ

Deccan ਵਿੱਚ ਮਰਾਠਿਆਂ ਦੇ ਵਿਰੁੱਧ ਲਗਾਤਾਰ ਮੁਹਿੰਮ ਚਲਾਉਣ ਲਈ ਔਰੰਗਜ਼ੇਬ ਵੱਲੋਂ ਖ਼ਾਲਿਸਾ ਦੇ ਅਧੀਨ ਸਭ ਤੋਂ ਵੱਧ ਮੁਨਾਫ਼ੇਦਾਰ ਜਗੀਰਾਂ ਨੂੰ ਰੱਖਣ ਲਈ ਜਾਣਬੁੱਝ ਕੇ ਫੈਸਲੇ ਲਏ ਗਏ ਸਨ। ਇਸ ਦੇ ਨਤੀਜੇ ਵਜੋਂ ਸਰਦਾਰਾਂ ਦੁਆਰਾ ਜਗੀਰਾਂ ਲਈ ਹੋਰ ਰੌਲਾ ਪੈ ਗਿਆ. ਸਰਦਾਰਾ ਨੇ ਬਾਦਸ਼ਾਹ ਲਈ ਸੈਨਿਕ ਭੇਜਣੇ ਬੰਦ ਕਰ ਦਿੱਤੇ. ਸੈਨਿਕਾ ਦੀ ਪੂਰਤੀ ਨਾ ਹੋਣ ਦੀ ਸੂਰਤ ਵਿੱਚ ਬਾਹਰੀ ਅਤੇ ਅੰਦਰੂਨੀ ਸੁਰੱਖਿਆ ਹੌਲੀ ਹੌਲੀ ਖਤਮ ਹੋਣ ਲੱਗੀ.

6. **Muzaffar Alam , Region-centric approach:**

**(ਮੁਜ਼ੱਫਰ ਆਲਮ, ਖੇਤਰ-ਕੇਂਦ੍ਰਿਤ ਪਹੁੰਚ)**

Muzaffar Alam ਨੇ ਮੁਗਲਾਂ ਦੇ ਪਤਨ ਦੀ ਵਿਆਖਿਆ ਕਰਨ ਲਈ ਆਪਣੇ ਕੰਮਾਂ ਵਿੱਚ ਖੇਤਰ-ਕੇਂਦਰਿਤ ਪਹੁੰਚ ਦੀ ਵਰਤੋਂ ਕੀਤੀ ਹੈ. M. Alam, ਆਪਣੀ ਕਿਤਾਬ ਵਿੱਚ *"The crisis of empire in Mughal North India, Awadh and the Punjab" 1707-1748 (1986)* ਅਵਧ ਅਤੇ ਪੰਜਾਬ ਦੇ ਮੁਗਲਾਂ ਦੇ ਸੂਬਿਆਂ ਵਿੱਚ ਹੋਏ ਵਿਕਾਸ ਦਾ ਤੁਲਨਾਤਮਕ ਅਧਿਐਨ ਕੀਤਾ ਹੈ। ਜਿਸਦੇ ਅਨੁਸਾਰ, 18 ਵੀਂ ਸਦੀ ਦੇ ਅਰੰਭ ਵਿੱਚ ਜ਼ਿਮੀਂਦਾਰ, ਜਗੀਰਦਾਰਾਂ, ਮਦਦ-ਏ-ਮਾਸ਼ Grant ਧਾਰਕਾਂ ਅਤੇ ਸਥਾਨਕ ਸਵਦੇਸ਼ੀ ਤੱਤਾਂ ਜਿਵੇਂ ਕਿ Check and Balance ਰੱਖਣ ਦੀ ਆਪਣੀ ਨੀਤੀ ਨੂੰ ਕਾਇਮ ਰੱਖਣ ਵਿੱਚ ਮੁਗਲਾਂ ਰਾਜ ਦੀ ਅਯੋਗਤਾ ਨੂੰ ਵਿੱਚ ਵੇਖਿਆ ਗਿਆ ਹੈ।

18 ਵੀਂ ਸਦੀ ਦੇ ਅਰੰਭ ਵਿੱਚ ਅਵਧ ਵਿੱਚ ਸ਼ੇਖਜ਼ਾਦੇ, ਰਾਜਸੀਆਂ ਕਿਸਮਤ ਬਣਾਉਣ ਲਈ ਜ਼ਿਮੀਦਾਰਾਂ ਨਾਲ ਸੁਤੰਤਰ ਰਾਜਨੀਤਿਕ ਗਠਜੋੜ ਕਰਨ ਲੱਗੇ. ਇਸ ਦੇ ਨਾਲ ਹੀ ਮੁਗਲ ਸ਼ਕਤੀ ਦੇ ਵੱਖ-ਵੱਖ ਅਮੀਰਾਂ ਵਿਚਕਾਰ ਇੱਕ ਦੂਜੇ ਦੇ ਅਧਿਕਾਰਾਂ ਅਤੇ ਖੇਤਰਾਂ ਨੂੰ ਘੇਰਨ ਦੀ ਕੋਸ਼ਿਸ਼ ਵੀ ਕੀਤੀ ਜਾਣ ਲੱਗੀ. ਇਹਨਾਂ ਘਟਨਾਵਾਂ ਨੇ ਸਾਮਰਾਜ ਵਿੱਚ ਤਣਾਅ ਪੈਦਾ ਕੀਤਾ. ਇਸ ਵਿੱਚ ਕਈ ਵਾਰ ਸੈਨਿਕਾਂ ਦੀ ਵਰਤੋਂ ਵੀ ਕੀਤੀ ਗਈ. M. Alam, ਇਸ ਸਿੱਟੇ ਉਪਰ ਪਹੁੰਚਿਆ ਹੈ ਕਿ, ਅਵਧ ਅਤੇ ਪੰਜਾਬ ਵਿੱਚ ਹੋਈਆਂ ਰਾਜਨੀਤਕ ਤਬਦੀਲੀਆ ਅਤੇ ਐਮਰਜੈਂਸੀਆ ਕਾਰਨ ਮੁਗਲ ਸਾਮਰਾਜ ਦਾ ਪਤਨ ਹੁੰਦਾ ਹੈ.

CONCLUSION:

18 ਵੀਂ ਸਦੀ ਦੇ ਅਰੰਭ ਵਿੱਚ ਮੁਗਲਾਂ ਦੇ ਪਤਨ ਨੂੰ ਰਾਜ ਦੀ ਜਾਂਚ ਅਤੇ ਸੰਤੁਲਨ ਦੀ ਨੀਤੀ ਨੂੰ ਕਾਇਮ ਰੱਖਣ ਦੀ ਅਸਮਰੱਥਾ ਵਿੱਚ ਵੇਖਣਾ ਚਾਹੀਦਾ ਹੈ. ਉਪਰੋਕਤ ਦਿੱਤੇ ਵੱਖ ਵੱਖ ਇਤਿਹਾਸਕਾਰਾਂ ਦੇ ਵੱਖ

ਵੱਖ ਸਿਧਾਂਤਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮੁਗਲ ਸਾਮਰਾਜ ਦੇ ਪਤਨ ਲਈ ਕਿਹੜੇ ਕਿਹੜੇ ਕਾਰਕ ਜ਼ਿੰਮੇਵਾਰ ਹਨ.

Assistant Professor

INDERJIT SINGH

Departmant of History

Akal Degree College, Mastuana